ਤੁਹਾਡੇ ਡਾਕਟਰ ਨੇ ਅੱਜ ਤੁਹਾਡਾ ਨਾਮ ਹਸਪਤਾਲ ਨੂੰ ਫੌਰੀ ਤੌਰ ਤੇ ਬਿਮਾਰੀ ਦੀਆਂ ਨਿਸ਼ਾਨੀਆਂ ਦੀ ਜਾਂਚ-ਪੜਤਾਲ ਕਰਨ ਲਈ ਦਿੱਤਾ ਹੈ। ਕਿਉਂਕਿ ਇਹ ਬਹੁਤ ਜ਼ਰੂਰੀ ਹੈ ਇਸ ਲਈ ਤੁਹਾਨੂੰ ਦੋ ਹਫਤਿਆਂ ਦੇ ਅੰਦਰ ਅੰਦਰ ਅਪਾਇੰਟਮੈਂਟ ਮਿਲੇਗੀ। ਇਹ ਅਪਾਇੰਟਮੈਂਟ ਕਲਿਨਿਕ ਵਿਚ ਇਕ ਮਾਹਿਰ ਡਾਕਟਰ ਨਾਲ ਜਾਂ ਰੋਗ ਬਾਰੇ ਪਤਾ ਲਗਾਉਣ ਲਈ ਟੈਸਟ ਕਰਨ ਲਈ ਹੋ ਸਕਦੀ ਹੈ ਜਿਵੇ ਕਿ ਕੈਮਰੇ ਨਾਲ ਟੈਸਟ।

ਬਹੁਤ ਸਾਰੀਆਂ ਆਮ ਬਿਮਾਰੀਆਂ ਹਨ ਜਿਹੜੀਆਂ ਤੁਹਾਡੀਆਂ ਨਿਸ਼ਾਨੀਆਂ ਨਾਲ ਮਿਲਦੀਆਂ ਹਨ, ਸ਼ਾਮਲ ਕੈਂਸਰ ਦਾ ਹੋਣਾ। ਇਸ ਤਰੀਕੇ ਨਾਲ ਆਏ 10 ਲੋਕਾਂ ਦੇ ਵਿਚੋਂ 9 ਲੋਕਾਂ ਨੂੰ ਕੈਂਸਰ ਨਹੀਂ ਹੁੰਦਾ, ਫਿਰ ਵੀ, ਇਹ ਜ਼ਰੂਰੀ ਹੈ ਕਿ ਅਸੀਂ ਕਿਸੇ ਵੀ ਬਿਮਾਰੀ ਦੀ ਸ਼ਨਾਖਤ ਸ਼ੁਰੂ ਵਿਚ ਕਰ ਲਈਏ ਜਿਸ ਨੂੰ ਇਲਾਜ ਦੀ ਲੋੜ ਹੈ।

ਤੁਹਾਡੀ ਅਪਾਇੰਟਮੈਂਟ ਦਾ ਪ੍ਰਬੰਧ ਕਰਨ ਲਈ ਆਉਣ ਵਾਲੇ ਕੁਝ ਦਿਨਾਂ ਵਿਚ ਹਸਪਤਾਲ ਵਾਲੇ ਤੁਹਾਡੇ ਨਾਲ ਸੰਪਰਕ ਕਰਨਗੇ। ਜੇ ਤੁਹਾਡੇ ਨਾਲ 10 ਦਿਨਾਂ ਦੇ ਅੰਦਰ ਅੰਦਰ ਕੋਈ ਸੰਪਰਕ ਨਹੀਂ ਕਰਦਾ ਤਾਂ ਇਸ ਚਿੱਠੀ ਤੇ ਲਿਖੇ ਟੈਲੀਫੋਨ ਨੰਬਰ ਤੇ ਆਪਣੇ ਡਾਕਟਰ ਦੀ ਸੈਕਟਰੀ ਨਾਲ ਗੱਲ ਕਰੋ। ਇਹ ਬਹੁਤ ਜ਼ਰੂਰੀ ਹੈ ਕਿ ਇਸ ਅਪਾਇੰਟਮੈਂਟ ਤੇ ਆਉਣ ਦੀ ਪੂਰੀ ਕੋਸ਼ਿਸ਼ ਕਰੋ।

ਤੁਹਾਨੂੰ ਹਸਪਤਾਲ ਵਿਚ ਕੁਝ ਟੈਸਟ ਕਰਵਾਉਣੇ ਪੈ ਸਕਦੇ ਹਨ ਜਿਨ੍ਹਾਂ ਨਾਲ ਮਾਹਿਰ ਨੂੰ ਇਹ ਸਮਝਣ ਵਿਚ ਸਹਾਇਤਾ ਮਿਲ ਸਕਦੀ ਹੈ ਕਿ ਇਹ ਨਿਸ਼ਾਨੀਆਂ ਕਿਸ ਕਾਰਣ ਹਨ। ਇਹ ਟੈਸਟ ਅੱਗੇ ਲਿਖੇ ਹੋ ਸਕਦੇ ਹਨ:

- ਬਲੱਡ ਟੈਸਟ
- ਐਕਸਰੇ
- ਸਕੈਨ (ਸੀ ਟੀ / ਐਮ ਆਰ ਆਈ)
- ਕੈਮਰਾ ਟੈਸਟ

ਤੁਹਾਨੂੰ ਪਹਿਲਾਂ ਹੀ ਦੱਸ ਦਿੱਤਾ ਜਾਏਗਾ ਕਿ ਕੀ ਤੁਹਾਨੂੰ ਕੈਮਰਾ ਟੈਸਟ ਜਾਂ ਸਕੈਨ ਦੀ ਲੋੜ ਹੈ, ਇਸ ਲਈ ਕਿਰਪਾ ਕਰਕੇ ਤੁਹਾਨੂੰ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ। ਹੋ ਸਕਦਾ ਹੈ ਤੁਹਾਨੂੰ ਉਸੇ ਦਿਨ ਰਿਜ਼ਲਟ ਮਿਲ ਜਾਣ। ਮਾਹਿਰ ਤੁਹਾਨੂੰ ਹੋਰ ਜਾਣਕਾਰੀ ਅਤੇ ਸਲਾਹ ਦੇ ਸਕੇਗਾ ਕਿ ਅੱਗੇ ਕੀ ਹੋਣਾ ਹੈ।

ਤੁਹਾਨੂੰ ਪਹਿਲਾਂ ਹੀ ਦੱਸ ਦਿੱਤਾ ਜਾਏਗਾ ਕਿ ਕੀ ਤੁਹਾਨੂੰ ਕੈਮਰਾ ਟੈਸਟ ਜਾਂ ਸਕੈਨ ਦੀ ਲੋੜ ਹੈ, ਇਸ ਲਈ ਕਿਰਪਾ ਕਰਕੇ ਤੁਹਾਨੂੰ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ। ਹੋ ਸਕਦਾ ਹੈ ਤੁਹਾਨੂੰ ਉਸੇ ਦਿਨ ਰਿਜ਼ਲਟ ਮਿਲ ਜਾਣ। ਮਾਹਿਰ ਤੁਹਾਨੂੰ ਹੋਰ ਜਾਣਕਾਰੀ ਅਤੇ ਸਲਾਹ ਦੇ ਸਕੇਗਾ ਕਿ ਅੱਗੇ ਕੀ ਹੋਣਾ ਹੈ।

ਤੁਸੀਂ ਆਪਣੇ ਨਾਲ ਇਕ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਲਿਆ ਸਕਦੇ ਹਾਂ। ਇਸ ਨਾਲ ਮੈਡੀਕਲ ਟੀਮ ਦਵਾਰਾ ਤੁਹਾਡੇ ਨਾਲ ਕੀਤੀ ਗੱਲ-ਬਾਤ ਬਾਰੇ ਸਵਾਲ ਪੁੱਛਣ ਵਿਚ ਸਹਾਇਤਾ ਮਿਲ ਸਕਦੀ ਹੈ। ਜੇ ਤੁਹਾਨੂੰ ਕੋਈ ਫਿਕਰ ਹਨ ਜਾਂ ਤੁਸੀਂ ਸਵਾਲ ਪੁੱਛਣੇ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ।

ਜੇ ਤੁਸੀਂ ਇਸ ਜ਼ਰੂਰੀ ਤੌਰ ਤੇ ਕੀਤੀ ਜਾਣ ਵਾਲੀ ਸ਼ਨਾਖਤ ਲਈ ਦਿੱਤੇ ਹਵਾਲੇ ਬਾਰੇ ਹੋਰ ਜਾਣਕਾਰੀ ਲੈਣੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਥੇ ਦੇਖੋ: http://www.cancerresearchuk.org/cancer-symptoms/what-is-an-urgent-referral

ਜਦੋਂ ਤੁਸੀਂ ਆਪਣੀ ਅਪਾਇੰਟਮੈਂਟ ਦੀ ਉਡੀਕ ਕਰ ਰਹੇ ਹੁੰਦੇ ਹੋ, ਤਾਂ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਆਪਣੇ ਆਮ ਤਰੀਕੇ ਨਾਲ ਕੰਮ ਕਾਰ/ ਕਸਰਤ ਜਾਰੀ ਰੱਖੋ। ਜੇ ਅੱਗੇ ਹੋਰ ਇਲਾਜ ਦੀ ਲੋੜ ਹੋਈ, ਤਾਂ ਤੁਹਾਡੇ ਇਲਾਜ ਦਾ ਇਕ ਜ਼ਰੂਰੀ ਹਿੱਸਾ ਤੁਹਾਡੀ ਤੰਦਰੁਸਤੀ ਨੂੰ ਵਧਾਉਣਾ ਹੈ - ਜਿਵੇਂ ਕਿ ਸਿਗਰਟ ਪੀਣੀ ਬੰਦ ਕਰਨੀ ਅਤੇ ਸਰਗਰਮੀਆਂ ਵਿਚ ਵਾਧਾ ਕਰਨਾ।